ਮਿੱਠੇ ਬੱਚੇ:- ਬਾਪ ਦਾ ਬਿੰਦੂ ਊਸਵਰੂਪ ਹੈ, ਉਸ ਨੂੰ ਅਸਲ ਪਹਿਚਾਣ ਕੇ ਯਾਦ ਕਰੋ ਇਹ ਹੀ ਸਮਝਦਾਰੀ ਹੈ।

ਪ੍ਰਸ਼ਨ:- ਬੇਹੱਦ ਦੀ ਦ੍ਰਿਸ਼ਟੀ ਤੋਂ ਸੁਪਨੇ ਦਾ ਅਰਥ ਕੀ ਹੈ? ਇਸ ਸੰਸਾਰ ਨੂੰ ਸਵਪਨਵਤ ਸੰਸਾਰ ਕਿਓਂ ਕਿਹਾ ਜਾਂਦਾ ਹੈ?

ਉੱਤਰ:- ਸਵਪਨ ਮਤਲਬ ਜੋ ਗੱਲ ਬੀਤ ਗਈ। ਤੁਸੀਂ ਹੁਣ ਜਾਣਦੇ ਹੋ ਇਹ ਸਾਰਾ ਸੰਸਾਰ ਹੁਣ ਸੁਪਨੇ ਦੀ ਤਰ੍ਹਾਂ ਹੈ ਮਤਲਬ ਸਤਿਯੁਗ ਤੋਂ ਲੈਕੇ ਕਲਯੁੱਗ ਅੰਤ ਤੱਕ ਸਭ ਕੁਝ ਬੀਤ ਚੁੱਕਿਆ ਹੈ ਤੁਹਾਨੂੰ ਹੁਣ ਸੈਕਿੰਡ ਵਿੱਚ ਇਸ ਸੁਪਨੇ ਵਰਗੇ ਸੰਸਾਰ ਦੀ ਸਮ੍ਰਿਤੀ ਆ ਗਈ। ਤੁਸੀਂ ਸ੍ਰਿਸ਼ਟੀ ਦੇ ਆਦਿ - ਮਧ - ਅੰਤ, ਮੂਲਵਤਨ, ਸੁੱਖਸ਼ਮਵਤਨ, ਸਥੂਲਵਤਨ ਨੂੰ ਜਾਣਕੇ ਮਾਸਟਰ ਭਗਵਾਨ ਬਣ ਗਏ ਹੋ।

ਗੀਤ:- ਕੌਣ ਆਇਆ ਮੇਰੇ ਮਨ ਕੇ ਦਵਾਰੇ...

ਓਮ ਸ਼ਾਂਤੀ। ਸ਼ਿਵਬਾਬਾ ਆਪਣੇ ਮਿੱਠੇ - ਮਿੱਠੇ ਬੱਚਿਆਂ, ਸਿਕੀਲੱਧੇ ਸਾਲੀਗ੍ਰਾਮਾਂ ਨੂੰ ਬੈਠ ਸਮਝਾਉਂਦੇ ਹਨ। ਸਾਲੀਗ੍ਰਾਮ ਹੀ ਸ਼ਿਵਬਾਬਾ ਦੇ ਬੱਚੇ ਠਹਿਰੇ ਨਾ। ਬੱਚੇ ਜਾਣਦੇ ਹਨ ਕਿ ਸਾਨੂੰ ਉਹ ਪੜ੍ਹਾਉਂਦੇ ਹਨ, ਜਿੰਨ੍ਹਾਂ ਨੂੰ ਰਿੰਚਕ ਵੀ ਕੋਈ ਜਾਣਦੇ ਨਹੀਂ ਹਨ। ਸ਼ਿਵ ਦੇ ਮੰਦਿਰ ਵਿਚ ਜਾਂਦੇ ਹਨ ਪਰ ਉਥੇ ਤਾਂ ਇਨਾਂ ਵੱਡਾ ਸ਼ਿਵਲਿੰਗ ਵੇਖਦੇ ਹਨ। ਇਹ ਥੋੜੀ ਨਾ ਸਮਝਦੇ ਹਨ ਕਿ ਸਾਡਾ ਬਾਬਾ ਬਿੰਦੀ ਹੈ। ਜੋ ਬੱਚੇ ਸ਼ਿਵਬਾਬਾ ਨੂੰ ਇਨਾਂ ਵੱਡਾ ਸਮਝ ਯਾਦ ਕਰਦੇ ਹਨ ਜਾਂ ਕਰਦੇ ਹੋਣਗੇ - ਉਹ ਵੀ ਭੋਲੇ ਹਨ ਕਿਉਂਕਿ ਉਹ ਵੀ ਰਾਂਗ ਹਨ। ਬਾਪ ਸਮਝਾਉਂਦੇ ਹਨ ਕਿ ਮੈਂ ਬਿੰਦੀ ਹਾਂ, ਹੁਣ ਬਿੰਦੀ ਨੂੰ ਕੋਈ ਕੀ ਸਮਝ ਸਕੇ। ਭਾਵੇਂ ਕੋਈ ਕਹਿੰਦੇ ਹਨ ਅਖੰਡ ਜੋਤੀ ਸਵਰੂਪ ਹੈ, ਫਲਾਣਾ ਹੈ ਪਰ ਨਹੀਂ, ਉਹ ਹੈ ਬਿੰਦੀ। ਉਨ੍ਹਾਂ ਨੂੰ ਯਾਦ ਕਰਨਾ ਬਹੁਤ ਮੁਸ਼ਕਲ ਹੈ। ਘੜੀ - ਘੜੀ ਭੁੱਲ ਜਾਂਦੇ ਹਨ। ਭਗਤੀ ਮਾਰਗ ਵਿੱਚ ਆਦਤ ਪਈ ਹੋਈ ਹੈ ਸ਼ਿਵਲਿੰਗ ਤੇ ਫੁੱਲ ਚੜ੍ਹਾਉਣ ਜਾਂ ਪੂਜਾ ਕਰਨ ਦੀ ਤਾਂ ਉਹ ਯਾਦ ਰਹਿੰਦਾ ਹੈ। ਪ੍ਰੰਤੂ ਇਹ ਘੜੀ - ਘੜੀ ਭੁੱਲ ਜਾਂਦੇ ਹਨ ਕਿ ਸਾਡਾ ਬਾਬਾ ਬਿੰਦੀ ਰੂਪ ਹੈ। ਸਾਰੇ ਡਰਾਮੇ ਵਿੱਚ ਉਨ੍ਹਾਂ ਦਾ ਜੋ ਪਾਰਟ ਹੈ ਉਹ ਵਜਾਉਂਦੇ ਹਨ। ਬਿੰਦੀ ਦੀ ਬੈਠ ਮਹਿਮਾ ਕਰਨਗੇ ਕੀ, ਕਿ ਸੁਖ ਦਾ ਸਾਗਰ ਹੈ, ਸ਼ਾਂਤੀ ਦਾ ਸਾਗਰ ਹੈ... ਕਿੰਨਾਂ ਛੋਟਾ ਬਿੰਦੀ ਰੂਪ ਹੈ।

ਬੱਚੇ ਪੁੱਛਦੇ ਹਨ ਕਿ ਕਿਸ ਨੂੰ ਧਿਆਨ ਵਿੱਚ ਰੱਖਿਆ? ਇਨ੍ਹਾਂ ਗੱਲਾਂ ਨੂੰ ਤਾਂ ਸਮਝਦਾਰ ਹੀ ਸਮਝ ਸਕਦੇ ਹਨ। ਨਹੀਂ ਤਾਂ ਉਹ ਹੀ ਸ਼ਿਵ ਦਾ ਲਿੰਗ ਯਾਦ ਆ ਜਾਂਦਾ ਹੈ। ਸ਼੍ਰੀਕ੍ਰਿਸ਼ਨ ਤਾਂ ਚੰਗੀ ਤਰ੍ਹਾਂ ਬੁੱਧੀ ਵਿੱਚ ਬੈਠ ਸਕਦਾ ਹੈ। ਇਹ ਤਾਂ ਹੈ ਬਿੰਦੀ। ਗੀਤ ਵਿੱਚ ਵੀ ਕਹਿੰਦੇ ਹਨ ਕਿ ਯਾਦ ਕਰੋ ਤਾਂ ਯਾਦ ਨਾ ਆਵੇ ਫਿਰ ਉਹ ਸੂਰਤ ਕਿਵੇਂ ਦੀ ਹੈ? ਇਹ ਵੀ ਵੰਡਰਫੁਲ ਹੈ, ਇੰਨੀਂ ਛੋਟੀ ਬਿੰਦੀ ਹੈ! ਗਿਆਨ ਦਾ ਡਾਂਸ ਕਰਦੇ ਹਨ। ਕਿਹਾ ਜਾਂਦਾ ਹੈ - ਇਹ ਸੁਪਨਿਆਂ ਦਾ ਸੰਸਾਰ ਹੈ। ਬੀਤੀ ਹੋਈ ਗੱਲ ਨੂੰ ਸੁਪਨਾ ਕਿਹਾ ਜਾਂਦਾ ਹੈ। ਸਵਪਨਵਤ ਸੰਸਾਰ, ਜੋ ਬੀਤ ਗਿਆ ਹੈ ਉਹ ਤੁਹਾਡੀ ਬੁੱਧੀ ਵਿੱਚ ਆਉਂਦਾ ਹੈ। ਸਾਰਾ ਬ੍ਰਹਿਮੰਡ ਮੂਲਵਤਨ, ਸੂਖਸ਼ਮਵਤਨ, ਸਤਿਯੁਗ, ਤ੍ਰੇਤਾ, ਦਵਾਪਰ - ਸਾਰਾ ਸੁਪਨਾ ਹੋ ਗਿਆ। ਜੋ ਪਾਸਟ ਹੋ ਜਾਂਦਾ ਹੈ ਉਹ ਸੁਪਨਾ ਹੋ ਗਿਆ। ਹੁਣ ਕਲਯੁੱਗ ਦਾ ਵੀ ਅੰਤ ਹੈ। ਇਹ ਸਵਪਨਵਤ ਸੰਸਾਰ ਹੋਇਆ ਨਾ। ਉਹ ਹੱਦ ਦੇ ਸੁਪਨੇ ਆਉਂਦੇ ਹਨ। ਤੁਹਾਨੂੰ ਬੇਹੱਦ ਦਾ ਬਾਪ ਬੁੱਧੀ ਵਿੱਚ ਆਉਂਦਾ ਹੈ। ਸੂਰਜਵੰਸ਼ੀ - ਚੰਦ੍ਰਵੰਸ਼ੀ ਵੀ ਸਭ ਸੁਪਨਾ ਹੋ ਗਿਆ। ਇਸ ਨੂੰ ਕਿਹਾ ਜਾਂਦਾ ਹੈ ਸੁਪਨਿਆਂ ਦਾ ਸੰਸਾਰ। ਇਨਾਂ ਰਾਜ਼ ਹੋਰ ਕੋਈ ਨਹੀਂ ਜਾਣਦੇ ਸਿਵਾਏ ਤੁਸੀਂ ਬੱਚਿਆਂ ਦੇ। ਸਤਿਯੁਗ ਵਿੱਚ ਕਿੰਨੇ ਅਥਾਹ ਸੁਖ ਸਨ - ਉਹ ਸਭ ਪਾਸਟ ਹੋ ਗਏ। ਹੁਣ ਤੁਹਾਡੀ ਬੁੱਧੀ ਵਿੱਚ ਆਦਿ - ਮਧ - ਅੰਤ ਦਾ ਪੂਰਾ ਗਿਆਨ ਹੈ। ਇੱਕ ਬਾਪ ਦੀ ਹੀ ਯਾਦ ਰਹਿਣੀ ਚਾਹੀਦੀ ਹੈ। ਬਾਪ ਜੋ ਸਮਝਾਉਂਦੇ ਹਨ ਹੋਰ ਕੋਈ ਸਮਝਾ ਨਹੀਂ ਸਕਦਾ। ਤੁਹਾਡੀ ਬੁੱਧੀ ਵਿੱਚ ਸੁਪਨਿਆਂ ਦਾ ਸੰਸਾਰ ਹੈ। ਇਹ ਇਹ ਪਾਸਟ ਹੋ ਗਿਆ - ਬੁੱਧੀ ਜਾਣਦੀ ਹੈ ਨਾ। ਤੁਹਾਨੂੰ ਉਪਰ ਤੋਂ ਲੈਕੇ ਸਾਰੀ ਨਾਲੇਜ਼ ਬੁੱਧੀ ਵਿੱਚ ਹੈ - ਆਦਿ ਤੋਂ ਅੰਤ ਤੱਕ ਦੀ। ਤੁਸੀਂ ਹੁਣ ਤ੍ਰਿਕਾਲਦ੍ਰਸ਼ੀ - ਤ੍ਰਿਲੋਕੀਨਾਥ ਬਣ ਗਏ ਹੋ। ਤ੍ਰਿਲੋਕੀਨਾਥ ਬਣਨ ਨਾਲ ਜਿਵੇਂ ਤੁਸੀਂ ਭਗਵਾਨ ਹੋ ਜਾਂਦੇ ਹੋ। ਭਗਵਾਨ ਬੈਠ ਤੁਹਾਨੂੰ ਸਿੱਖਿਆ ਦਿੰਦੇ ਹਨ। ਸੈਕਿੰਡ ਵਿੱਚ ਸੁਪਨਾ ਆਉਂਦਾ ਹੈ ਨਾ। ਤਾਂ ਸੈਕਿੰਡ ਵਿੱਚ ਤੁਹਾਨੂੰ ਸਾਰਾ ਯਾਦ ਆਉਣਾ ਚਾਹੀਦਾ ਹੈ - ਬੀਜ ਅਤੇ ਝਾੜ। ਬਾਬਾ ਵੀ ਕਹਿੰਦੇ ਹਨ - ਆਦਿ, ਮਧ, ਅੰਤ ਦਾ ਮੇਰੇ ਕੋਲ ਗਿਆਨ ਹੈ ਇਸਲਈ ਹੀ ਮੈਨੂੰ ਗਿਆਨ ਦਾ ਸਾਗਰ, ਨਾਲ਼ੇਜਫੁਲ, ਜਾਨੀ - ਜਾਣਣਹਾਰ ਕਹਿੰਦੇ ਹਨ। ਜਾਣਦੇ ਹਨ ਹਰੇਕ ਦੀ ਅਵਸਥਾ ਅਜਿਹੀ ਹੀ ਰਹੇਗੀ। ਇੱਕ - ਇੱਕ ਦੀ ਅਵਸਥਾ ਨੂੰ ਅਸੀਂ ਕੀ ਬੈਠ ਜਾਣਾਂਗੇ! ਜੋ ਅਵਸਥਾ ਕਲਪ ਪਹਿਲੇ ਸੀ, ਉਸ ਅਵਸਥਾ ਵਿਚ ਹਨ। ਸੋ ਤੁਸੀਂ ਵੀ ਜਾਣਦੇ ਹੋ। ਪੁਰਸ਼ਾਰਥ ਕਰਾਉਣ ਲਈ ਕਹਿੰਦੇ ਹਨ - ਚੰਗੀ ਤਰ੍ਹਾਂ ਪੁਰਸ਼ਾਰਥ ਕਰੋ।

ਹੁਣ ਤੁਹਾਨੂੰ ਸਵਦਰਸ਼ਨ ਚਕ੍ਰਧਾਰੀ ਬਣਨਾ ਹੈ। ਤੁਸੀਂ ਜਾਣਦੇ ਹੋ ਇਹ - ਇਹ ਪਾਸਟ ਹੋ ਗਿਆ ਹੈ - ਇਵੇਂ ਦੇਵਤੇ ਰਾਜ ਕਰਦੇ ਸਨ ਫਿਰ ਆਕੇ ਰਾਜ ਕਰਨਗੇ। ਪਾਸਟ, ਪ੍ਰੇਜੇਂਟ, ਫਿਊਚਰ ਇਹ ਯਾਦ ਕਰਦੇ ਰਹਿਣਗੇ। ਉਨ੍ਹਾਂ ਨੂੰ ਹੀ ਸਵਦਰਸ਼ਨ ਚਕ੍ਰ ਕਿਹਾ ਜਾਂਦਾ ਹੈ। ਸ਼ਿਵਲਿੰਗ ਨੂੰ ਯਾਦ ਕਰਨ ਵਿੱਚ ਤੇ ਹਿਰੇ ਹੋਏ ਹਨ। ਤਾਂ ਸਮਝਦੇ ਹਨ ਕਿ ਬਾਬਾ ਜੋਤੀਲਿੰਗਮ ਹੈ। ਬਿੰਦੀ ਕਹਿਣ ਤਾਂ ਮੁੰਝ ਪੈਣ। ਉਹ ਸਮਝਦੇ ਹਨ ਆਤਮਾ ਛੋਟੀ ਹੈ, ਪਰਮਾਤਮਾ ਵੱਡਾ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ - ਇਸ ਕਲਯੁਗੀ ਦੁਨੀਆ ਵਿਚ ਇਸ ਵੇਲੇ ਵੇਖੋ ਭਭਕਾ ਕਿਨਾਂ ਹੈ! ਇਸ ਨੂੰ ਮਾਇਆ ਦਾ ਭਭਕਾ ਕਿਹਾ ਜਾਂਦਾ ਹੈ। ਮਾਇਆ ਦਾ ਪੰਪ ਹੈ। ਕਹਿੰਦੇ ਹਨ ਨਾ - ਹੁਣ ਦੁਨੀਆ ਕਿੰਨੀ ਚੰਗੀ

ਬਣ ਗਈ ਹੈ। ਵੱਡੇ - ਵੱਡੇ ਮਹਿਲ ਬਣ ਗਏ ਹਨ। ਅਮਰੀਕਾ ਦਾ ਕਿੰਨਾਂ ਭੱਭਕਾ ਹੈ! ਚੀਜਾਂ ਕਿੰਨੀਆਂ ਨਫੀਸ ( ਆਕਰਸ਼ਕ ) ਬਣਦੀਆਂ ਹਨ। ਅਸੀ ਸਮਝਦੇ ਹਾਂ ਕਿ ਇਹ ਤਾਂ ਮੁੱਲਮੇ ਦੀਆਂ ਚੀਜਾਂ ਹਨ ਜੋ ਹੁਣੇ ਖਤਮ ਹੋ ਜਾਣਗੀਆਂ। ਦਿਨ - ਪ੍ਰਤੀਦਿਨ ਵੱਡੀਆਂ - ਵੱਡੀਆਂ ਇਮਾਰਤਾਂ, ਡੈਮਜ, ਆਦਿ ਇਵੇਂ ਬਨਾਉਣਗੇ, ਜਿਵੇਂ ਬਿਲਕੁਲ ਨਵੀਂ ਦੁਨੀਆ ਹੋਵੇ। ਮਾਯਾਵੀ ਪੁਰਸ਼ ਹਨ ਨਾ। ਆਸੁਰੀ ਸੰਪ੍ਰਦਾਇ ਦਾ ਭੱਭਕਾ ਹੈ। ਇਹ ਸਭ ਹੈ ਤਿਲਸਮ ( ਜਾਦੂ), ਹੁਣੇ ਗਿਆ ਕੇ ਗਿਆ। ਵੱਡੇ - ਵੱਡੇ ਸਾਇੰਸ ਘਮੰਡੀ ਜੋ ਹਨ ਉਨ੍ਹਾਂ ਦੀ ਬੁੱਧੀ ਵਿੱਚ ਹੈ ਕਿ ਇਹ ਸਭ ਖਤਮ ਹੋ ਜਾਣਗੇ। ਇੱਕ - ਦੂਜੇ ਨੂੰ ਕਹਿ ਦਿੰਦੇ ਹਨ ਤੁਸੀਂ ਇੰਟਰਫੇਰ ਨਾ ਕਰੋ, ਨਹੀਂ ਤਾਂ ਸਭ ਖਤਮ ਹੋ ਜਾਣਗੇ। ਅਮੇਰਿਕਾ ਆਪਣੇ ਨੂੰ ਭਲਵਾਨ ਸਮਝਦਾ ਹੈ ਤਾਂ ਜਰੂਰ ਸੈਕਿੰਡ ਨੰਬਰ ਵਿੱਚ ਵੀ ਕੋਈ ਹੋਵੇਗਾ ਜੋ ਸਾਮਨਾ ਕਰੇ। ਗਾਇਆ ਹੋਇਆ ਹੈ ਦੋ - ਬਿੱਲੇ ਲੜਦੇ ਹਨ। ਯਾਦਵ ਨੇ ਆਪਣੇ ਕੁਲ ਦਾ ਵਿਨਾਸ਼ ਕੀਤਾ, ਤਾਂ ਉਹ ਦੋ ਬਿੱਲੇ ਹੋਏ ਨਾ। ਉਹ ਹੀ ਪ੍ਰੈਕਟਿਕਲ ਹੋ ਰਿਹਾ ਹੈ।

ਤੁਸੀਂ ਜਾਣਦੇ ਹੋ - ਪਹਿਲੇ ਵੀ ਇਸ ਵੇਲੇ ਤੁਸੀਂ ਹੀ ਨਾਲੇਜ ਲਈ ਸੀ। ਹੁਣ ਵੀ ਲੈ ਰਹੇ ਹੋ। ਬਾਪ ਆਕੇ ਸਾਰੀ ਨਾਲੇਜ ਸਮਝਾਉਂਦੇ ਹਨ। ਜਿਵੇਂ ਬਾਪ ਦੀ ਬੁੱਧੀ ਵਿੱਚ ਹੈ ਉਵੇਂ ਤੁਸੀਂ ਬੱਚਿਆਂ ਦੀ ਬੁੱਧੀ ਵਿੱਚ ਵੀ ਹੈ। ਸ਼ਿਵ ਕਿਹਾ ਜਾਂਦਾ ਹੈ ਬਿੰਦੀ ਨੂੰ। ਆਤਮਾ ਵਿਚ ਵੀ ਸਾਰਾ ਪਾਰਟ ਹੈ। ਤੁਹਾਡਾ ਹੈ ਆਲ ਰਾਉਂਡਰ ਪਾਰਟ, ਸਤਿਯੁਗ ਤੋਂ ਲੈਕੇ ਕਲਯੁੱਗ ਤੱਕ। ਸਤਿਯੁਗ ਤ੍ਰੇਤਾ ਵਿੱਚ ਤੁਸੀਂ ਜਦੋਂ ਸੁਖ ਭੋਗਦੇ ਹੋ ਤਾਂ ਉਸ ਵੇਲੇ ਬਾਪ ਦਾ ਕੋਈ ਪਾਰਟ ਨਹੀਂ। ਬਾਪ ਕਹਿੰਦੇ ਹਨ ਮੇਰੇ ਤੋਂ ਵੀ ਤੁਹਾਡਾ ਜਿਆਦਾ ਪਾਰਟ ਹੈ। ਤੁਸੀਂ ਸੁਖ ਵਿੱਚ ਰਹਿੰਦੇ ਹੋ ਤਾਂ ਮੈਂ ਨਿਰਵਾਣਧਾਮ ਵਿੱਚ ਹਾਂ। ਮੇਰਾ ਕੋਈ ਪਾਰਟ ਹੀ ਨਹੀਂ। ਤੁਸੀਂ ਆਲਰਾਉਂਡਰ ਪਾਰਟ ਵਜਾਇਆ ਹੈ ਤਾਂ ਥੱਕੇ ਵੀ ਤੁਸੀਂ ਹੋਵੋਗੇ ਇਸਲਈ ਲਿਖਿਆ ਹੋਇਆ ਹੈ - ਚਰਨ ਦਬਾਏ ਹਨ। ਬਾਪ ਕਹਿੰਦੇ ਹਨ ਬੱਚੇ, ਤੁਸੀਂ ਥੱਕ ਗਏ ਹੋਵੋਗੇ। ਤੁਸੀਂ ਅਧਾਕਲਪ ਭਗਤੀ ਕੀਤੀ, ਦਰ - ਦਰ ਧੱਕੇ ਖਾਂਦੇ ਹਨ। ਭਗਤੀ ਮਾਰਗ ਵਿੱਚ ਭਟਕਦੇ - ਭਟਕਦੇ ਤੁਸੀਂ ਥੱਕ ਜਾਂਦੇ ਹੋ ਫਿਰ ਬਾਪ ਆਕੇ ਉਜੂਰਾ ਦਿੰਦੇ ਹਨ, ਪੂਜਾਰੀ ਤੋਂ ਪੂਜੀਏ ਬਣਾ ਦਿੰਦੇ ਹਨ। ਤੁਸੀਂ ਜਾਣਦੇ ਹੋ ਅਸੀਂ ਸੋ ਪੁੱਜਯ ਸੀ ਫਿਰ ਪੁਜਾਰੀ ਬਣੇ ਹਾਂ। ਇਵੇਂ ਨਹੀਂ ਕਿ ਪਰਮਾਤਮਾ ਆਪੇ ਹੀ ਪੂਜੀਏ, ਆਪੇ ਹੀ ਪੂਜਾਰੀ ਹੈ। ਨਹੀਂ, ਅਸੀਂ ਹੀ ਬਣਦੇ ਹਾਂ।

ਭਾਰਤ ਹੀ ਅਵਿਨਾਸ਼ੀ ਖੰਡ ਗਾਇਆ ਜਾਂਦਾ ਹੈ। ਭਾਰਤ ਹੈ ਸ਼ਿਵਬਾਬਾ ਦੀ ਜਨਮਭੂਮੀ। ਜਨਮਭੂਮੀ ਤੇ ਹੀ ਮਨੁੱਖ ਕੁਰਬਾਨ ਹੁੰਦੇ ਹਨ। ਕਾਂਗ੍ਰਸੀਆਂ ਨੇ ਵੀ ਵੇਖੋ, ਕਿਨਾਂ ਮੱਥਾ ਮਾਰਿਆ ਜਨਮ ਭੂਮੀ ਦੇ ਲਈ। ਫਾਰਨਰਜ ਨੂੰ ਬਾਹਰ ਕੱਢ ਦਿੱਤਾ। ਇਹ ਜਨਮ ਭੂਮੀ ਸਵਰਗ ਸੀ। ਫਿਰ ਪੰਜ ਵਿਕਾਰਾਂ ਰੂਪੀ ਮਾਇਆ ਨੇ ਆਕੇ ਹਪ ਕੀਤਾ ਹੈ। ਅਸੀਂ ਰਾਵਣ ਨੂੰ ਵੱਡਾ ਦੁਸ਼ਮਣ ਸਮਝਦੇ ਹਾਂ। ਇਹ ਕੋਈ ਵੀ ਨਹੀਂ ਸਮਝਦੇ ਵੱਡੇ ਤੋਂ ਵੱਡਾ ਦੁਸ਼ਮਣ ਮਾਇਆ ਰਾਵਣ ਹੈ, ਜੋ ਸਾਡੀ ਰਾਜਾਈ ਖਾ ਗਿਆ ਹੈ। ਇਹ ਜਿਵੇਂ ਕਿ ਗੁਪਤ ਚੂਹੇ ਮੁਆਫਿਕ ਫੂੰਕ ਮਾਰ ਦਿੰਦਾ ਹੈ ਅਤੇ ਕੱਟਦਾ ਰਹਿੰਦਾ ਹੈ, ਜੋ ਕਿਸੇ ਨੂੰ ਪਤਾ ਵੀ ਨਹੀਂ ਪੈ ਰਿਹਾ ਹੈ। ਕੱਟਦੇ - ਕੱਟਦੇ ਇੱਕਦਮ ਦੀਵਾਲਾ ਮਾਰ ਦਿੱਤਾ ਹੈ। ਕਿਸੇ ਨੂੰ ਪਤਾ ਨਹੀਂ ਹੈ, ਸਾਡਾ ਰਾਜ ਖੋਹ ਲਿਆ ਹੈ। ਕਿਸੇ ਨੂੰ ਪਤਾ ਨਹੀਂ ਹੈ ਸਾਡਾ ਦੁਸ਼ਮਣ ਕੌਣ ਹੈ? ਅਸੀਂ ਕੰਗਾਲ ਕਿਵੇਂ ਬਣੇ। ਮਾਇਆ ਵੱਡਾ ਚੂਹਾ ਹੈ - ਅਧਾਕਲਪ ਖਾਂਦੇ - ਖਾਂਦੇ ਭਾਰਤ ਨੂੰ ਕੌਡੀ ਵਰਗਾ ਬਣਾ ਦਿੱਤਾ ਹੈ। ਬਹੁਤ ਹੀ ਭਲਵਾਨ ਹੈ। ਹੁਣ ਫਿਰ ਤੁਸੀਂ ਚੁਪਕੇ ਨਾਲ ਉਸ ਤੇ ਜਿੱਤ ਪਾ ਰਹੇ ਹੋ। ਤੁਸੀਂ ਜਾਣਦੇ ਹੋ ਕਿ ਅਸੀਂ ਕਿਵੇਂ ਗੁਪਤ ਤਰ੍ਹਾਂ ਰਾਜ ਲੈ ਲੈਂਦੇ ਹਾਂ। ਜਿਵੇਂ ਗੁਪਤ ਤਰ੍ਹਾਂ ਗਵਾਇਆ ਹੈ ਫਿਰ ਲੈਂਦੇ ਵੀ ਗੁਪਤ ਤਰ੍ਹਾਂ ਹਾਂ। ਕੋਈ ਵੀ ਨਹੀਂ ਜਾਣਦੇ - ਹੁਣ ਫਿਰ ਉਸ ਤੇ ਜਿੱਤ ਪਾਉਣੀ ਹੈ। ਕਿੰਨੇ ਮਹੀਨ ਰਾਜ਼ ਹਨ! ਬਾਬਾ ਦੀ ਮਦਦ ਨਾਲ ਅਸੀਂ ਫਿਰ ਤੋਂ ਰਾਜਭਾਗ ਲੈਂਦੇ ਹਾਂ। ਕੋਈ ਹੱਥ - ਪੈਰ ਨਹੀਂ ਚਲਾਉਂਦੇ ਹਾਂ। ਗੁਪਤ ਤਰੀਕੇ ਅਸੀਂ ਆਪਣਾ ਬੇਹੱਦ ਦੇ ਬਾਪ ਤੋਂ ਵਰਸਾ ਲੈਂਦੇ ਹਾਂ, ਜੋ ਅਧਾਕਲਪ ਰਹੇਗਾ। ਉਹ ਚੂਹਾ ਮਾਇਆ ਤਾਂ ਆਹਿਸਤੇ - ਆਹਿਸਤੇ ਖਾਂਦਾ ਹੈ ਅਤੇ ਤੁਸੀਂ ਰਾਜ ਤਾਂ ਇੱਕ ਹੀ ਵਾਰ ਲੈ ਲੈਂਦੇ ਹੋ 21 ਜਨਮ ਦੇ ਲਈ। 84 ਜਨਮਾਂ ਦਾ ਰਾਜ਼ ਵੀ ਤੁਹਾਨੂੰ ਸਮਝਾਇਆ ਗਿਆ ਹੈ। ਇਤਨੇ - ਇਤਨੇ ਜਨਮ ਲੀਤੇ ਹਨ। ਤੁਸੀਂ ਜਾਣਦੇ ਹੋ ਸਤਿਯੁਗ ਵਿੱਚ ਸਾਡੀ ਉਮਰ ਬਹੁਤ ਵੱਡੀ ਸੀ। ਫਿਰ ਅਪਵਿਤ੍ਰ ਭੋਗੀ ਬਣਦੇ ਹਾਂ ਤਾਂ ਦਵਾਪਰ - ਕਲਯੁੱਗ ਵਿਚ 63 ਜਨਮ ਲੈਂਦੇ ਹਾਂ। ਇਹ ਬਾਬਾ ਬੈਠ ਸਮਝਾਉਂਦੇ ਹਨ। ਕਲਪ - ਕਲਪ ਮਾਇਆ ਇਵੇਂ ਰਾਜ ਲੈਂਦੀ ਹੈ ਫਿਰ ਅਸੀਂ ਉਨ੍ਹਾਂ ਤੋਂ ਲੈਂਦੇ ਹਾਂ। ਗੀਤ ਵਿੱਚ ਗਾਉਂਦੇ ਤਾਂ ਹਨ - ਕੌਣ ਦੇਸ਼ ਤੋਂ ਆਇਆ, ਕੌਣ ਦੇਸ਼ ਵਿਚ ਹੈ ਜਾਣਾ...? ਪ੍ਰੰਤੂ ਸਮਝਦੇ ਨਹੀਂ ਹਨ। ਤੁਸੀ ਤਾਂ ਜਾਣਦੇ ਹੋ ਮਾਇਆ ਕਿਸ ਦੇਸ਼ ਤੋਂ ਆਈ ਹੈ? ਕਿਓਂ ਆਈ ਹੈ? ਸਾਰਾ ਚਕ੍ਰ ਬੁੱਧੀ ਵਿੱਚ ਹੈ। ਸਾਰੇ ਡਰਾਮੇ ਵਿੱਚ ਹੀਰੋ - ਹੀਰੋਇਨ ਪਾਰਟ ਹੈ ਸ਼ਿਵਬਾਬਾ ਦਾ। ਸ਼ਿਵਬਾਬਾ ਦੇ ਨਾਲ ਪਾਰਟਧਾਰੀ ਕੌਣ - ਕੌਣ ਹਨ? ਪਹਿਲੇ - ਪਹਿਲੇ ਜਨਮ ਦਿੰਦੇ ਹਨ - ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਫਿਰ ਤੁਸੀਂ ਬੱਚਿਆਂ ਨੂੰ। ਤੁਸੀਂ ਬਾਪ ਦੇ ਨਾਲ ਮਦਦਗਾਰ ਠਹਿਰੇ। ਬਾਪ ਆਪਣਾ ਪਾਰਟ ਵਜਾ ਆਪਣੇ ਧਾਮ ਚਲੇ ਜਾਂਦੇ ਹਨ ਅਤੇ ਤੁਸੀਂ ਮਦਦਗਾਰਾਂ ਨੂੰ ਵੀ ਨਾਲ ਮੁਕਤੀਧਾਮ ਵਿੱਚ ਲੈ ਜਾਂਦੇ ਹਨ। ਤੁਸੀਂ ਮੁਕਤੀਧਾਮ ਜਾਕੇ ਫਿਰ ਜੀਵਨਮੁਕਤੀ ਵਿੱਚ ਚਲੇ ਜਾਵੋਗੇ। ਕਿੰਨਾਂ ਚੰਗੀ ਤਰ੍ਹਾਂ ਬੁੱਧੀ ਵਿੱਚ ਰੱਖਣਾ ਚਾਹੀਦਾ ਹੈ। ਤਾਂ ਇਹ ਹੈ ਸੁਪਨਿਆਂ ਦਾ ਸੰਸਾਰ ਜੋ ਬੀਤ ਗਿਆ।

ਤੁਸੀਂ ਜਾਣਦੇ ਹੋ ਕਿ ਸਤਿਯੁਗ - ਤ੍ਰੇਤਾ ਵਿੱਚ ਦੇਵੀ - ਦੇਵਤੇ ਰਹਿੰਦੇ ਸਨ, ਹੁਣ ਨਹੀਂ ਹਨ। ਗੀਤ ਦਾ ਕਿੰਨਾਂ ਗੂਹੀਏ ਰਾਜ਼ ਹੈ - ਕਿਵੇਂ ਸੁਪਨਿਆਂ ਦਾ ਸੰਸਾਰ ਬੁੱਧੀ ਵਿੱਚ ਲੈਕੇ ਬੈਠੇ ਹੋ? ਸਾਰਾ ਚਕ੍ਰ ਕਿਵੇਂ ਫਿਰਦਾ ਹੈ? ਜੋ ਨਾਲੇਜ ਬਾਬਾ ਵਿੱਚ ਹੈ ਉਹ ਸਾਡੇ ਵਿੱਚ ਵੀ ਹੈ। ਬੇਹੱਦ ਦੇ ਬਾਪ ਵਿੱਚ ਹੀ ਇਹ ਸਾਰੀ ਬੇਹੱਦ ਦੀ ਨਾਲੇਜ ਹੈ। ਬੱਚੇ ਜਾਣਦੇ ਹਨ - ਇਹ ਵੀ ਸੁਪਨਾ ਹੋ ਜਾਵੇਗਾ। ਇਹ ਬੜੀਆਂ ਸਮਝਣ ਅਤੇ ਸਮਝਾਉਣ ਦੀਆਂ ਗੱਲਾਂ ਹਨ। ਸਤਿਯੁਗ - ਤ੍ਰੇਤਾ ਵਿੱਚ ਇਹ ਗੱਲਾਂ ਕਿਸੇ ਦੀ ਬੁੱਧੀ ਵਿੱਚ ਹੁੰਦੀਆਂ ਨਹੀਂ। ਗੂਹੀਏ ਪੁਆਇੰਟਸ ਮਿਲਦੇ ਰਹਿੰਦੇ ਹਨ। ਬੁੱਧੀ ਵਿੱਚ ਸਾਰਾ ਚਕ੍ਰ ਫਿਰਦਾ ਰਹਿਣਾ ਚਾਹੀਦਾ ਹੈ। ਭਗਤੀ ਮਾਰਗ ਕੀ ਹੈ, ਕਦੋਂ ਤੋਂ ਸ਼ੁਰੂ ਹੁੰਦਾ ਹੈ, ਉਸ ਤੋਂ ਕੁਝ ਵੀ ਫਾਇਦਾ ਨਹੀਂ ਹੋਇਆ। ਭਗਤੀ ਕਰਦੇ - ਕਰਦੇ ਨੁਕਸਾਨ ਵਿੱਚ ਹੀ ਆ ਗਏ ਹੋ। ਹੁਣ ਫਿਰ ਤੋਂ ਤੁਸੀਂ ਕੌਡੀ ਤੋਂ ਹੀਰੇ ਜਿਹਾ

ਬਣਦੇ ਹੋ। ਮਾਇਆ ਕੌਡੀ ਮਿਸਲ ਬਣਾ ਦਿੰਦੀ ਹੈ। ਬਾਬਾ ਗਿਆਨ ਡਾਂਸ ਸਿਖਾਉਂਦੇ ਹਨ। ਫਿਰ ਉੱਥੇ ਜਾਕੇ ਤੁਸੀਂ ਡਾਂਸ ਕਰੋਗੇ। ਇਹ ਗੱਲਾਂ ਬਹੁਤ ਵੰਡਰਫੁਲ ਜਾਨਣ ਲਾਇਕ ਹਨ। ਇੱਥੇ ਦੀ ਰਸਮ - ਰਿਵਾਜ ਉੱਥੇ ਬਿਲਕੁਲ ਨਹੀਂ ਹੁੰਦੀ ਹੈ। ਉਹ ਹੈ ਹੀ ਵਾਈਸਲੈਸ ਵਰਲਡ। ਉੱਥੇ ਮਾਇਆ ਦਾ ਨਾਮ - ਨਿਸ਼ਾਨ ਨਹੀਂ ਹੁੰਦਾ। ਪਹਿਲਾਂ ਤੁਸੀਂ ਬਾਬਾ ਨੂੰ ਯਾਦ ਕਰ, ਵਰਸਾ ਤਾਂ ਲੈ ਲਵੋ, ਬਾਕੀ ਉੱਥੇ ਦੀ ਰਸਮ - ਰਿਵਾਜ ਹੋ ਹੋਵੇਗੀ, ਉਹ ਹੀ ਚੱਲੇਗੀ। ਉੱਥੇ ਦੀ ਰਸਮ - ਰਿਵਾਜ ਸਾਰੀ ਨਵੀਂ ਹੋਵੇਗੀ। ਉੱਥੇ ਇਹ ਉਤਸਵ ਆਦਿ ਹੋਣਗੇ ਨਹੀਂ। ਇੱਥੇ ਗਮੀ ( ਉਦਾਸੀ ) ਰਹਿੰਦੀ ਹੈ। ਤਾਂ ਸ਼ਾਦਮਾਨਾ ( ਉਤਸਾਹ ਦਵਾਉਣ ਵਾਲੇ ਉਤਸਵ ) ਮਨਾਉਂਦੇ ਹਨ। ਉੱਥੇ ਤਾਂ ਹੈ ਹੀ ਰੋਜ਼ ਸ਼ਾਦਮਾਨਾ। ਰੋਣ ਦੀ ਲੋੜ ਨਹੀਂ ਰਹਿੰਦੀ। ਉਤਸਵ ਮਨਾਉਣ ਦੀ ਗੱਲ ਨਹੀਂ ਰਹਿੰਦੀ। ਸਦਾ ਸਾਡੇ ਵੱਡੇ ਦਿਨ ਹੋਣਗੇ। ਉੱਥੇ ਸ਼ਾਦੀ ਵੀ ਧੂਮਧਾਮ ਨਾਲ ਹੁੰਦੀ ਹੈ, ਦਹੇਜ ਮਿਲਦਾ ਹੈ, ਦਾਸ - ਦਾਸੀਆਂ ਮਿਲਦੀਆਂ ਹਨ। ਬਾਕੀ ਤਿਓਹਾਰ ਆਦਿ ਦੀ ਲੋੜ ਨਹੀਂ ਰਹਿੰਦੀ। ਇੱਥੇ ਹਨ ਹੀ ਸੰਗਮ ਦੇ ਤਿਓਹਾਰ, ਜੋ ਭਗਤੀ ਮਾਰਗ ਵਿੱਚ ਮਨਾਏ ਜਾਂਦੇ ਹਨ। ਉੱਥੇ ਤਾਂ ਸਦਾ ਖੁਸ਼ੀਆਂ ਹੀ ਖੁਸ਼ੀਆਂ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਵਦਰਸ਼ਨ ਚਕ੍ਰ ਫਿਰਾਉਂਦੇ ਮਾਇਆ ਤੇ ਗੁਪਤ ਤਰੀਕੇ ਵਿਜੇ ਪ੍ਰਾਪਤ ਕਰਨੀ ਹੈ। ਬਾਪ ਸਮਾਨ ਨਾਲੇਜਫੁੱਲ ਹੋਕੇ ਰਹਿਣਾ ਹੈ।

2. ਬਾਪ ਜੋ ਹਨ, ਜਿਵੇਂ ਦਾ ਹੈ, ਉਸ ਨੂੰ ਅਸਲ ਬਿੰਦੀ ਰੂਪ ਵਿਚ ਜਾਣਕੇ ਯਾਦ ਕਰਨਾ ਹੈ। ਬਿੰਦੂ ਬਣ, ਬਿੰਦੂ ਬਾਪ ਦੀ ਯਾਦ ਵਿੱਚ ਰਹਿਣਾ ਹੈ। ਭੋਲਾ ਨਹੀਂ ਬਣਨਾ ਹੈ।

ਵਰਦਾਨ:- ਬਾਪ ਦੇ ਡਾਇਰੈਕਸ਼ਨ ਪ੍ਰਮਾਣ ਸੇਵਾ ਸਮਝ ਹਰ ਕੰਮ ਕਰਨ ਵਾਲੇ ਸਦਾ ਅਥੱਕ ਅਤੇ ਬੰਧਨਮੁਕਤ ਭਵ।

ਪ੍ਰਵ੍ਰਿਤੀ ਨੂੰ ਸੇਵਾ ਸਮਝਕੇ ਸੰਭਾਲੋ, ਬੰਧਨ ਸਮਝਕੇ ਨਹੀਂ। ਬਾਪ ਨੇ ਡਾਇਰੈਕਸ਼ਨ ਦਿੱਤਾ ਹੈ - ਯੋਗ ਨਾਲ ਹਿਸਾਬ - ਕਿਤਾਬ ਚੁਕਤੂ ਕਰੋ। ਇਹ ਤੇ ਪਤਾ ਹੈ ਕਿ ਉਹ ਬੰਧਨ ਹਨ ਲੇਕਿਨ ਘੜੀ - ਘੜੀ ਕਹਿਣ ਜਾਂ ਸੋਚਣ ਨਾਲ ਹੋਰ ਵੀ ਕੜਾ ਬੰਧਨ ਹੋ ਜਾਂਦਾ ਹੈ ਅਤੇ ਅੰਤ ਘੜੀ ਵਿੱਚ ਜੇਕਰ ਬੰਧਨ ਹੀ ਯਾਦ ਰਿਹਾ ਤਾਂ ਗਰਭ ਜੇਲ੍ਹ ਵਿਚ ਜਾਣਾ ਪਵੇਗਾ ਇਸਲਈ ਕਦੇ ਵੀ ਖੁਦ ਤੋਂ ਤੰਗ ਨਹੀਂ ਹੋਣਾ। ਫ਼ਸੋ ਵੀ ਨਹੀਂ ਅਤੇ ਮਜਬੂਰ ਵੀ ਨਾ ਹੋਵੋ, ਖੇਲ - ਖੇਲ ਵਿੱਚ ਹਰ ਕੰਮ ਕਰਦੇ ਚੱਲੋ ਤਾਂ ਅਥੱਕ ਵੀ ਰਹੋਗੇ ਅਤੇ ਬੰਧਨ - ਮੁਕਤ ਵੀ ਬਣਦੇ ਜਾਵੋਗੇ।

ਸਲੋਗਨ:- ਭ੍ਰਕੁਟੀ ਦੀ ਕੁਟੀਆ ਵਿੱਚ ਬੈਠਕੇ ਤਪੱਸਵੀਮੂਰਤ ਹੋਕੇ ਰਹੋ - ਇਹ ਹੀ ਅੰਤਰਮੁਖਤਾ ਹੈ।

******